CS (Main) Exam, 2021

HXS-U-PNJB

# ਪੰਜਾਬੀ / PUNJABI

## ਪੇਪਰ I / Paper I

## ( ਸਾਹਿਤ ) / ( LITERATURE )

| ਨਿਰਧਾਰਿਤ ਸਮਾਂ : ਤਿੰਨ ਘੰਟੇ<br>Time Allowed : **Three** Hours | ਕੁੱਲ ਅੰਕ : 250<br>Maximum Marks : **250** |
|---|---|

### ਪ੍ਰਸ਼ਨ ਪੱਤਰ ਲਈ ਵਿਸ਼ੇਸ਼ ਹਦਾਇਤਾਂ

***ਕ੍ਰਿਪਾ ਕਰਕੇ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਨਿਮਨ ਲਿਖਿਤ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ :***

ਪ੍ਰਸ਼ਨ ਪੱਤਰ ਵਿੱਚ ਕੁਲ **ਅੱਠ** ਪ੍ਰਸ਼ਨ ਹਨ ਜੋ **ਦੋ ਭਾਗਾਂ** ਵਿਚ ਵੰਡੇ ਹੋਏ ਹਨ ।

ਉਮੀਦਵਾਰ ਨੇ ਕੁਲ **ਪੰਜ** ਪ੍ਰਸ਼ਨ ਕਰਨੇ ਹਨ ।

ਪ੍ਰਸ਼ਨ ਨੰਬਰ **1** ਅਤੇ **5** ਲਾਜ਼ਮੀ ਹਨ । ਬਾਕੀ ਪ੍ਰਸ਼ਨਾਂ ਵਿਚੋਂ ਕੋਈ **ਤਿੰਨ** ਪ੍ਰਸ਼ਨ ਕਰੋ ਪਰੰਤੂ ਦੋਵੇਂ ਭਾਗਾਂ ਵਿਚੋਂ ਘੱਟੋ ਘੱਟ **ਇੱਕ-ਇੱਕ** ਪ੍ਰਸ਼ਨ ਜ਼ਰੂਰ ਚੁਣੋ ।

ਹਰ ਪ੍ਰਸ਼ਨ / ਭਾਗ ਦੇ ਅੰਕ ਉਸ ਦੇ ਨਾਲ ਹੀ ਦਸੇ ਗਏ ਹਨ ।

ਪ੍ਰਸ਼ਨਾਂ ਦੇ ਉੱਤਰ **ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ)** ਵਿਚ ਹੀ ਲਿਖੋ ।

ਪ੍ਰਸ਼ਨਾਂ ਦੇ ਉੱਤਰ ਲਈ ਸ਼ਬਦਾਂ ਦੀ ਸੀਮਾਂ ਜਿੱਥੇ ਵੀ ਦਿੱਤੀ ਹੈ, ਉਸ ਦੀ ਜ਼ਰੂਰ ਪਾਲਣਾ ਕਰੋ ।

ਪ੍ਰਸ਼ਨਾਂ ਦੇ ਉੱਤਰਾਂ ਦਾ ਮੁਲਾਂਕਣ ਕਰਦੇ ਸਮੇਂ ਉੱਤਰਾਂ ਦੀ ਕ੍ਰਮ ਲੜੀ ਨੂੰ ਸਾਹਮਣੇ ਰੱਖਿਆ ਜਾਵੇਗਾ । ਜਿਸ ਉੱਤਰ ਨੂੰ ਕਟਿਆ ਨਾ ਗਿਆ ਉਸ ਦਾ ਮੁਲਾਂਕਣ ਕਰ ਲਿਆ ਜਾਵੇਗਾ, ਭਾਵੇਂ ਉਹ ਅਧੂਰਾ ਹੀ ਹੋਇਆ ਹੋਵੇ । ਉੱਤਰ ਪੱਤਰੀ ਦਾ ਕੋਈ ਵੀ ਪੰਨਾ ਜਾਂ ਪੰਨੇ ਦਾ ਖਾਲੀ ਹਿਸਾ ਜੇ ਖਾਲੀ ਹੈ ਤਾਂ ਉਸ ਉਤੇ ਕਾਟਾ ਮਾਰਨਾ ਜ਼ਰੂਰੀ ਹੈ ।

### Question Paper Specific Instructions

***Please read each of the following instructions carefully before attempting questions :***

*There are **EIGHT** questions divided in **TWO SECTIONS**.*

*Candidate has to attempt **FIVE** questions in all.*

*Question nos. **1** and **5** are compulsory and out of the remaining, any **THREE** are to be attempted choosing at least **ONE** question from each section.*

*The number of marks carried by a question / part is indicated against it.*

*Answers must be written in **PUNJABI (Gurumukhi script)**.*

*Word limit in questions, wherever specified, should be adhered to.*

*Attempts of questions shall be counted in sequential order. Unless struck off, attempt of a question shall be counted even if attempted partly. Any page or portion of the page left blank in the Question-cum-Answer Booklet must be clearly struck off.*

## SECTION A

**Q1. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਓ । ਹਰ ਪ੍ਰਸ਼ਨ ਦਾ ਉੱਤਰ 150 ਸ਼ਬਦਾਂ ਤੱਕ ਹੋਵੇ ।** *10×5=50*

(a) ਪੰਜਾਬੀ ਭਾਸ਼ਾ ਦੇ ਮੂਲ ਸਰੋਤ ਅਤੇ ਵਿਕਾਸ ਪੜਾਵਾਂ ਉਪਰ ਚਰਚਾ ਕਰੋ । *10*

(b) ਪੰਜਾਬੀ ਧੁਨਿ-ਵਿਉਂਤ ਅਨੁਸਾਰ ਸ੍ਵਰ (vowels) ਧੁਨੀਆਂ ਦਾ ਵਰਗੀਕਰਣ ਕਰੋ । *10*

(c) ਭਾਸ਼ਾ ਅਤੇ ਉਪ-ਭਾਸ਼ਾ (dialect) ਵਿਚਲਾ ਫ਼ਰਕ ਦੱਸ ਕੇ ਪੰਜਾਬੀ ਦੀ ਉਪ-ਭਾਸ਼ਾ 'ਪੋਠੋਹਾਰੀ' ਦੀਆਂ ਵਿਲੱਖਣ ਵਿਸ਼ੇਸ਼ਤਾਵਾਂ ਨਾਲ ਜਾਣ ਪਛਾਣ ਕਰਵਾਉ । *10*

(d) ਪੰਜਾਬੀ ਭਾਸ਼ਾ ਵਿਚ ਸ਼ਬਦਾਂ ਦੇ ਨਿਰਮਾਣ ਲਈ ਮੂਲਧਾਤੂ (root) ਨਾਲ ਅਗੇਤਰ ਅਤੇ ਪਿਛੇਤਰ ਲਗਾਉਣ ਦੇ ਮੂਲ ਨੇਮਾਂ ਬਾਰੇ ਜਾਣਕਾਰੀ ਦਿਓ । *10*

(e) ਪੰਜਾਬੀ ਭਾਸ਼ਾ ਇਕ ਮਿਲਦੇ ਨਾਥ-ਜੋਗੀਆਂ ਦੇ ਸਾਹਿਤ ਬਾਰੇ ਆਲੋਚਨਾਤਮਿਕ ਚਰਚਾ ਕਰੋ । *10*

**Q2.** (a) ਪੰਜਾਬੀ ਵਾਕ ਬਣਤਰ ਵਿਚ ਨਾਂਵ-ਵਾਕੰਸ਼ ਦੇ ਤੱਤਾਂ ਦੀ ਤਰਤੀਬ ਅਤੇ ਨਾਂਵ-ਵਾਕੰਸ਼ ਦੀਆਂ ਪਛਾਣ ਵਿਧੀਆਂ ਬਾਰੇ ਉਦਾਹਰਨਾਂ ਦੇ ਕੇ ਚਰਚਾ ਕਰੋ । *20*

(b) ਸਵਰ ਤੇ ਵਿਅੰਜਨ ਦਾ ਅੰਤਰ ਸੱਪਸ਼ਟ ਕਰਦੇ ਹੋਏ ਪੰਜਾਬੀ ਵਿਅੰਜਨ ਧੁਨੀਆਂ ਦਾ ਉਚਾਰਨ ਸਥਾਨ ਦੇ ਆਧਾਰ 'ਤੇ ਵਰਗੀਕਰਨ ਕਰੋ । *15*

(c) ਗੁਰਮੁਖੀ ਲਿੱਪੀ ਦੇ ਨਿਕਾਸ ਅਤੇ ਵਿਕਾਸ ਦੇ ਇਤਿਹਾਸਕ ਪੜਾਵਾਂ ਉਪਰ ਵਿਸਥਾਰ ਪੂਰਬਕ ਨੋਟ ਲਿਖੋ । *15*

**Q3.** (a) ਪੰਜਾਬੀ ਸੂਫ਼ੀ ਕਵਿਤਾ ਵਿਚਲੀ ਪ੍ਰਤਿਰੋਧ (resistance) ਦੀ ਸੁਰ ਨੂੰ ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ ਅਤੇ ਸੁਲਤਾਨ ਬਾਹੂ ਦੇ ਕਲਾਮ ਦੇ ਹਵਾਲੇ ਨਾਲ ਸਪਸ਼ਟ ਕਰੋ । *20*

(b) ਪੰਜਾਬੀ ਦੀਆਂ ਮਾਝੀ, ਮਲਵਈ ਅਤੇ ਦੁਆਬੀ ਉਪ-ਭਾਸ਼ਾਵਾਂ ਦੇ ਮੁੱਖ ਲੱਛਣਾਂ ਬਾਰੇ ਚਰਚਾ ਕਰਦੇ ਹੋਏ ਇਨ੍ਹਾਂ ਦਾ ਭਾਸ਼ਾਈ ਅੰਤਰ-ਨਿਖੇੜ ਕਰੋ । *15*

(c) ਪੰਜਾਬੀ ਭਾਸ਼ਾ ਦੇ ਸ਼ਬਦ-ਭੰਡਾਰ ਵਿਚ 'ਤਤਸਮ' ਅਤੇ 'ਤਤਭਵ' ਸ਼ਬਦਾਂ ਨੂੰ ਕਿਵੇਂ ਗ੍ਰਹਿਣ ਕੀਤਾ ਗਿਆ ਹੈ ? ਉਦਾਹਰਨਾਂ ਦੇ ਕੇ ਸਮਝਾਉ । *15*

**Q4.** (a) 'ਪੰਜਾਬੀ ਸੁਰਾਤਮਕ (tonal) ਭਾਸ਼ਾ ਹੈ ।' ਇਸ ਕਥਨ ਦੀ ਰੋਸ਼ਨੀ ਵਿੱਚ ਪੰਜਾਬੀ ਵਿੱਚ ਪਾਈਆਂ ਜਾਣ ਵਾਲੀਆਂ ਵਿਭਿੰਨ ਸੁਰਾਂ ਬਾਰੇ ਉਦਾਹਰਣਾਂ ਸਾਹਿਤ ਚਰਚਾ ਕਰੋ । *20*

(b) 'ਪੰਜਾਬੀ ਗੁਰਮਤਿ ਕਾਵਿ ਵਿਚ ਮਨੁੱਖ ਦੇ ਅਧਿਆਤਮਕ ਮਸਲਿਆ ਦੇ ਨਾਲ ਨਾਲ ਸਮਾਜਕ ਸਰੋਕਾਰਾ ਨੂੰ ਬਿਆਨ ਕੀਤਾ ਗਿਆ ਹੈ ।' ਇਸ ਕਥਨ ਉਪਰ ਆਲੋਚਨਾਤਮਿਕ ਟਿੱਪਣੀ ਲਿਖੋ । *15*

(c) ਗੁਰਮੁਖੀ ਲਿੱਪੀ ਹੀ ਪੰਜਾਬੀ ਭਾਸ਼ਾ ਨੂੰ ਲਿਖਣ ਲਈ ਸਭ ਤੋਂ ਉਚਿਤ ਲਿੱਪੀ ਹੈ । ਕੀ ਤੁਸੀਂ ਇਸ ਰਾਇ ਨਾਲ ਸਹਿਮਤ ਹੋ, ਉਦਾਹਰਨਾਂ ਦੇ ਕੇ ਸਪਸ਼ਟ ਕਰੋ । *15*

## SECTION B

**Q5. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਓ । ਹਰ ਪ੍ਰਸ਼ਨ ਦਾ ਉੱਤਰ 150 ਸ਼ਬਦਾਂ ਤੱਕ ਹੋਵੇ ।** *10×5=50*

(a) ਪ੍ਰਗਤੀਵਾਦੀ ਪੰਜਾਬੀ ਕਵਿਤਾ ਦੇ ਥੀਮਕ ਪਾਸਾਰਾਂ ਨੂੰ ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ ਅਤੇ ਬਾਵਾ ਬਲਵੰਤ ਦੀ ਕਵਿਤਾ ਦੇ ਹਵਾਲੇ ਨਾਲ ਸਪਸ਼ਟ ਕਰੋ । *10*

(b) ਲੋਕ ਕਹਾਣੀ ਤੋਂ ਕੀ ਭਾਵ ਹੈ ? ਸੂਚਨਾ ਤਕਨਾਲੋਜੀ ਦੇ ਵਰਤਮਾਨ ਦੌਰ ਵਿੱਚ ਪੰਜਾਬੀ ਜੀਵਨ ਵਿੱਚ ਲੋਕ ਕਹਾਣੀਆਂ ਦੀ ਕੀ ਪ੍ਰਸੰਗਿਕਤਾ ਹੈ ? *10*

(c) ਦਲੀਪ ਕੌਰ ਟਿਵਾਣਾ ਦੇ ਨਾਵਲਾਂ ਵਿਚ ਔਰਤ ਦੀ ਤ੍ਰਾਸਦਿਕ ਸਥਿਤੀ ਦਾ ਚਿਤਰਣ ਕਿਸ ਦ੍ਰਿਸ਼ਟੀ ਤੋਂ ਹੋਇਆ ਹੈ ? *10*

(d) ਡਾ. ਅਤਰ ਸਿੰਘ ਦੀ ਸਾਹਿਤ-ਆਲੋਚਨਾ ਦੀਆਂ ਪ੍ਰਾਪਤੀਆਂ ਅਤੇ ਸੀਮਾਵਾਂ ਉਪਰ ਚਰਚਾ ਕਰੋ । *10*

(e) ਡਾ. ਹਰਿਭਜਨ ਸਿੰਘ ਅਤੇ ਸ਼ਿਵ ਕੁਮਾਰ ਬਟਾਲਵੀ ਦੀ ਕਾਵਿ-ਸੰਵੇਦਨਾ ਉਪਰ ਆਲੋਚਨਾਤਮਿਕ ਟਿੱਪਣੀ ਲਿਖੋ । *10*

**Q6.** (a) ਪੰਜਾਬੀ ਦੀ ਨਵ-ਰਹੱਸਵਾਦੀ ਕਵਿਤਾ ਨੂੰ ਪ੍ਰੀਤਮ ਸਿੰਘ ਸਫ਼ੀਰ ਅਤੇ ਜਸਵੰਤ ਸਿੰਘ ਨੇਕੀ ਦੀ ਕੀ ਦੇਣ ਹੈ ? *20*

(b) ਬਲਵੰਤ ਗਾਰਗੀ ਦੇ ਨਾਟਕ 'ਲੋਹਾ ਕੁੱਟ' ਅਤੇ ਸੰਤ ਸਿੰਘ ਸੇਖੋਂ ਦੇ ਨਾਟਕ 'ਕਲਾਕਾਰ' ਵਿਚ ਮਨੁੱਖ ਦੀਆਂ ਅਤ੍ਰਿਪਤ ਕਾਮਨਾਵਾਂ ਨੂੰ ਕਿਸ ਦ੍ਰਿਸ਼ਟੀਕੋਨ ਤੋਂ ਪੇਸ਼ ਕੀਤਾ ਗਿਆ ਹੈ ? *15*

(c) ਪੰਜਾਬੀ ਮਹਾਂਕਾਵਿ (epic poetry) ਪਰੰਪਰਾ ਵਿਚ ਅਵਤਾਰ ਸਿੰਘ ਆਜ਼ਾਦ ਦੇ ਯੋਗਦਾਨ ਬਾਰੇ ਆਲੋਚਨਾਤਮਿਕ ਟਿੱਪਣੀ ਲਿਖੋ । *15*

**Q7.** (a) ਲੋਕ-ਗੀਤ ਦੀ ਪਰਿਭਾਸ਼ਾ ਤੇ ਸਰੂਪ ਨੂੰ ਸਪਸ਼ਟ ਕਰਕੇ ਪੰਜਾਬੀ ਲੋਕ-ਗੀਤਾਂ ਵਿੱਚ ਪੇਸ਼ ਔਰਤ ਮਨ ਦੀ ਵੇਦਨਾ ਨੂੰ ਮਿਸਾਲਾਂ ਸਾਹਿਤ ਸਪੱਸ਼ਟ ਕਰੋ । *20*

(b) 'ਕਹਾਣੀਕਾਰ ਪ੍ਰੇਮ ਪ੍ਰਕਾਸ਼ ਮਨੁੱਖ ਦੇ ਮਨੋ-ਦਵੰਦਾਂ ਅਤੇ ਵਰਿਆਮ ਸੰਧੂ ਸਮਾਜਕ ਅੰਤਰ-ਵਿਰੋਧਾਂ ਨੂੰ ਆਪਣੀਆਂ ਆਪਣੀਆਂ ਕਹਾਣੀਆਂ ਵਿਚ ਪੇਸ਼ ਕਰਦੇ ਹਨ ।' ਕੀ ਤੁਸੀਂ ਇਸ ਕਥਨ ਨਾਲ ਸਹਿਮਤ ਹੋ ? *15*

(c) ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਪੰਜਾਬੀ ਵਾਰਤਕ ਨੂੰ ਵਸਤੂ (content) ਅਤੇ ਰੂਪ ਪੱਖੋਂ ਨਵੀਂ ਨੁਹਾਰ ਦਿੱਤੀ ਇਸ ਕਥਨ ਦੀ ਰੋਸ਼ਨੀ ਵਿੱਚ ਉਸਦੇ ਨਿਬੰਧਾਂ ਦੀ ਭਾਸ਼ਾ ਤੇ ਸ਼ੈਲੀ ਉੱਪਰ ਚਰਚਾ ਕਰੋ । *15*

**Q8.** (a) ਪੰਜਾਬੀ ਦੀ ਪਹਿਲੇ ਪੜਾਅ ਦੀ ਮਾਰਕਸਵਾਦੀ ਆਲੋਚਨਾ ਅੰਦਰਲੇ ਸਿਧਾਂਤਕ ਵਖਰੇਵੇਂ ਨੂੰ ਸੰਤ ਸਿੰਘ ਸੇਖੋਂ ਅਤੇ ਪ੍ਰੋ. ਕਿਸ਼ਨ ਸਿੰਘ ਦੀ ਸਾਹਿਤ ਸਮੀਖਿਆ ਦੇ ਹਵਾਲੇ ਨਾਲ ਸਪੱਸ਼ਟ ਕਰੋ । *20*

(b) ਗੁਰਦਿਆਲ ਸਿੰਘ ਦੇ ਨਾਵਲਾਂ ਵਿਚ ਹਾਸ਼ੀਏ ਦੇ ਸਮਾਜ ਦੇ ਤ੍ਰਾਸਦਿਕ ਜੀਵਨ ਅਤੇ ਉਨ੍ਹਾਂ ਦੇ ਪ੍ਰਤਿਰੋਧ ਦਾ ਚਿਤਰਣ ਕਿਵੇਂ ਹੋਇਆ ਹੈ ? *15*

(c) ਰੁਮਾਂਟਿਕ ਕਾਵਿ ਪ੍ਰਵਿਰਤੀ ਦੇ ਮੂਲ ਸੁਭਾਅ ਬਾਰੇ ਚਰਚਾ ਕਰਦੇ ਹੋਏ ਪ੍ਰੋ. ਪੂਰਨ ਸਿੰਘ, ਮੋਹਨ ਸਿੰਘ ਅਤੇ ਅੰਮ੍ਰਿਤਾ ਕਾਵਿ ਨੂੰ ਰੁਮਾਂਟਿਕ ਦ੍ਰਿਸ਼ਟੀਕੋਣ ਤੇ ਪਰਖੋ । *15*